## ਤਤਕਰਾ


| | |
|---|---|
| ਅਸੀਂ ਕੌਣ ਹਾਂ? | 1 |
| ਇਹ ਮਿਆਰੀ ਸੇਵਾ ਕਿਨ੍ਹਾਂ ਲਈ ਹੈ? | 2 |
| ਤੁਹਾਨੂੰ ਸੂਚਿਤ ਰਖਣਾ | 3 |
| ਗਵਾਹ ਸੇਵਾ | 5 |
| ਦੁਭਾਸ਼ੀਆ ਸੇਵਾਵਾਂ | 7 |
| ਕਾਫ਼ੀ, ਸੁਰੱਖਿਅਤ ਅਤੇ ਆਰਾਮਦੇਹ ਜਗ੍ਹਾ ਉਪਲਬਧ ਕਰਾਉਣਾ | 8 |
| ਦੋਸ਼ੀ ਨਾਲ ਸੰਪਰਕ ਨੂੰ ਘਟ ਕਰਨਾ | 9 |
| ਕਮਜ਼ੋਰ ਗਵਾਹਾਂ ਲਈ ਵਿਸ਼ੇਸ਼ ਪ੍ਰਬੰਧ | 10 |
| ਹੋਰ ਜਾਣਕਾਰੀ ਲਈ | 11 |
| ਆਪਣੇ ਮਿਆਰਾਂ ਨੂੰ ਬਰਕਰਾਰ ਰਖਣਾ | 12 |

''ਸਕਾਟਿਸ਼ ਕੋਰਟ ਸਰਵਿਸ (ਸਕਾਟਲੈਂਡ ਦੀ ਅਦਾਲਤੀ ਸੇਵਾ) ਅਪਰਾਧਕ ਨਿਆਂ ਸਿਲਸਲੇ ਵਿਚ ਪੀੜਤਾਂ ਦੇ ਮਹਤੱਵਪੂਰਨ ਰੋਲ ਨੂੰ ਮੰਨਦੀ ਹੈ। ਅਸੀਂ ਪੀੜਤਾਂ ਨਾਲ ਹਮਦਰਦੀ ਨਾਲ ਪੇਸ਼ ਆਉਣ, ਉਨ੍ਹਾਂ ਦੇ ਗੌਰਵਮਾਣ ਦਾ ਸਤਿਕਾਰ ਕਰਨ ਅਤੇ ਪੀੜਤਾਂ ਅਤੇ ਮਾਰੇ ਗਏ ਵਿਅਕਤੀਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਲਈ ਆਪਣੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਪ੍ਰਤੀਬਧ ਹਾਂ''।

ਸਕਾਟਲੈਂਡ ਦੀ ਪੀੜਤਾਂ ਲਈ ਰਣਨੀਤੀ

ਸਕਾਟਿਸ਼ ਕੋਰਟ ਸਰਵਿਸ ਕਾਰਜ ਯੋਜਨਾ

## ਅਸੀਂ ਕੌਣ ਹਾਂ?

ਅਸੀਂ ਸਕਾਟਲੈਂਡ ਦੇ ਪ੍ਰਬੰਧਕੀ ਨਿਆਂ ਮਹਿਕਮੇ (ਸਕਾਟਿਸ਼ ਅਗਜ਼ੈਕਟਿਵ ਜਸਟਿਸ ਡਿਪਾਰਟਮੈਂਟ) ਦੀ ਇਕ ਪ੍ਰਬੰਧਕੀ ਏਜੰਸੀ ਹਾਂ। ਸਾਡਾ ਮੁਖ ਕੰਮ ਸਕਾਟਲੈਂਡ ਵਿਚ ਸੁਪਰੀਮ ਕੋਰਟ ਅਤੇ ਸ਼ੈਰਿਫ਼ ਕੋਰਟਾਂ ਦੇ ਜੱਜਾਂ ਅਤੇ ਸ਼ੈਰਿਫ਼ਾਂ ਦਾ ਸਮਰਥਨ ਕਰਨਾ ਹੈ।

ਸਾਡਾ ਸਟਾਫ਼ ਸਾਡੀਆਂ ਅਦਾਲਤਾਂ ਦਾ ਕੰਮ ਨਿਰਵਿਘਨ ਚਲਾਏ ਜਾਣ ਲਈ ਲੋੜੀਂਦੀਆਂ ਟੈਕਨੀਕਲ, ਪ੍ਰਸ਼ਾਸਨਿਕ ਅਤੇ ਸੰਸਥਾਤਮਕ ਸੇਵਾਵਾਂ ਨੂੰ ਚਲਾਉਣ ਅਤੇ ਅਦਾਲਤਾਂ ਦੇ ਵਰਤੋਂਕਾਰਾਂ ਨੂੰ ਸੁਯੋਗ ਅਤੇ ਨਿਮਰਤਾਪੂਰਨ ਸੇਵਾ ਪ੍ਰਦਾਨ ਕਰਨ ਲਈ ਯੋਗ ਸਿਖਲਾਈ ਪ੍ਰਾਪਤ ਹੈ। ਅਸੀਂ ਅਦਾਲਤਾਂ ਲਈ ਇਮਾਰਤਾਂ ਉਪਲਬਧ ਕਰਾਉਣ ਅਤੇ ਉਨ੍ਹਾਂ ਨੂੰ ਠੀਕ ਹਾਲਤ ਵਿਚ ਰਖਣ ਦਾ ਕੰਮ ਵੀ ਕਰਦੇ ਹਾਂ।

## ਇਹ ਮਿਆਰੀ ਸੇਵਾ ਕਿਨ੍ਹਾਂ ਲਈ ਹੈ?

ਇਹ ਮਿਆਰੀ ਸੇਵਾ ਨਿਮਨਲਿਖਿਤ ਲਈ ਹੈ:

- ਕੋਈ ਵੀ ਅਜਿਹਾ ਵਿਅਕਤੀ ਜੋ ਕਿਸੇ ਕਿਸਮ ਦੇ ਜੁਰਮ ਦਾ ਸ਼ਿਕਾਰ ਹੋਇਆ ਹੋਵੇ;
- ਜੁਰਮ ਦੇ ਪੀੜਤ, ਜਿਸਦੀ ਉਸ ਜੁਰਮ ਦੇ ਨਤੀਜੇ ਵਜੋਂ ਮੌਤ ਹੋ ਗਈ ਹੋਵੇ ਜਾਂ ਜੋ ਅਸਮਰਥ ਹੋ ਗਿਆ ਹੋਵੇ, ਦਾ ਪਰਿਵਾਰ (ਜਾਂ ਪਰਿਵਾਰ ਜਿਹਾ ਕੋਈ ਹੋਰ ਵਿਅਕਤੀ);
- ਪਰਿਵਾਰ ਦਾ ਕੋਈ ਵੀ ਅਜਿਹਾ ਮੈਂਬਰ ਜੋ ਪੀੜਤ ਦੇ ਸਮਰਥਨ ਅਤੇ ਮਦਦ ਲਈ ਉਸਦੇ ਨਾਲ ਅਦਾਲਤ ਵਿਚ ਆਏ।

ਅਸੀਂ ਸਮਝਦੇ ਹਾਂ ਕਿ ਅਦਾਲਤ ਵਿਚ ਹਾਜ਼ਰ ਹੋਣਾ ਇਕ ਚਿੰਤਾਜਨਕ ਸਥਿੱਤੀ ਹੁੰਦੀ ਹੈ, ਅਤੇ ਅਸੀਂ ਇਸ ਚਿੰਤਾ ਨੂੰ ਘਟ ਕਰਨਾ ਚਾਹੁੰਦੇ ਹਾਂ ਅਤੇ ਇਹਦੇ ਲਈ ਅਸੀਂ:

- ਤੁਹਾਨੂੰ ਸੂਚਿਤ ਰਖਦੇ ਹਾਂ,
- ਕਾਫ਼ੀ, ਸੁਰੱਖਿਅਤ ਅਤੇ ਆਰਾਮਦੇਹ ਜਗ੍ਹਾਂ ਉਪਲਬਧ ਕਰਾਉਂਦੇ ਹਾਂ;
- ਦੋਸ਼ੀ ਨਾਲ ਤੁਹਾਡੇ ਸੰਪਰਕ ਨੂੰ ਘਟ ਕਰਦੇ ਹਾਂ, ਅਤੇ
- ਖ਼ਾਸ ਕਰਕੇ ਕਮਜ਼ੋਰ ਗਵਾਹਾਂ ਲਈ ਲੋੜੀਂਦੇ ਪ੍ਰਬੰਧ ਕਰਦੇ ਹਾਂ।

## ਤੁਹਾਨੂੰ ਸੂਚਿਤ ਰਖਣਾ

ਇਹ ਕਿਤਾਬਚਾ ਪੀੜਤਾਂ ਲਈ ਸੂਚਨਾ ਪੈਕ ਦਾ ਹਿੱਸਾ ਹੈ। ਇਸ ਵਿਚ ਅਪਰਾਧਕ ਕੇਸਾਂ ਦੇ ਪੀੜਤਾਂ ਅਤੇ ਗਵਾਹਾਂ ਲਈ ਸਾਡੇ ਵਲੋਂ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਦਾ ਵਰਨਣ ਹੈ। ਪੈਕ ਵਿਚ ਸ਼ਾਮਲ ਹੋਰ ਕਿਤਾਬਚੇ ਹਨ:

- ਅਪਰਾਧਕ ਮਾਮਲਿਆਂ ਬਾਰੇ ਅਦਾਲਤਾਂ ਵਿਚ ਹਾਜ਼ਰ ਹੋਣ ਲਈ ਗਾਈਡ,
- ਕਰਾਊਨ ਦੇ ਗਵਾਹਾਂ ਸੰਬੰਧੀ ਕਰਾਊਨ ਆਫ਼ਿਸ, ਪ੍ਰੌਕਿਊਰੇਟਰ ਫ਼ਿਸਕਲ ਸਰਵਿਸ, ਅਤੇ ਸਕਾਟਿਸ਼ ਕੋਰਟ ਸਰਵਿਸ ਦਾ ਸਾਂਝਾ ਬਿਆਨ,
- ਪੀੜਤਾਂ ਲਈ ਸਹਾਇਤਾ ਅਤੇ ਸਲਾਹ ਦੇ ਸਰੋਤ,
- ਅਦਾਲਤ ਦੇ ਵਰਤੋਂਕਾਰਾਂ ਲਈ ਚਾਰਟਰ, ਅਤੇ
- ਸ਼ਿਕਾਇਤ ਕਿਵੇਂ ਕੀਤੀ ਜਾਏ।

ਜੇ ਤੁਸੀਂ ਅਪਰਾਧ ਦੇ ਇਕ ਪੀੜਤ ਵਜੋਂ ਜਾਂ ਕਰਾਊਨ ਦੇ ਗਵਾਹ ਵਜੋਂ ਅਦਾਲਤ ਵਿਚ ਆਉਂਦੇ ਹੋ, ਤਾਂ ਅਸੀਂ ਇਹ ਸਹੂਲਤਾਂ ਪ੍ਰਦਾਨ ਕਰਦੇ ਹਾਂ:

- ਸਾਫ਼ ਸੰਕੇਤਾਂ ਵਾਲੇ ਰਿਸੈਪਸ਼ਨ ਜਾਂ ਸੂਚਨਾ ਸਥਾਨ,
- ਸਪਸ਼ਟ ਸੰਕੇਤ, ਜਿਨ੍ਹਾਂ ਤੋਂ ਤੁਹਾਨੂੰ ਅਦਾਲਤ ਦੀ ਇਮਾਰਤ ਵਿਚ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਣ ਵਿਚ ਮਦਦ ਮਿਲ ਸਕੇ,
- ਤੁਹਾਨੂੰ ਘਟੋ ਘਟ ਹਰ ਦੋ ਘੰਟਿਆਂ ਪਿਛੋਂ ਇਕ ਵਾਰ ਤੁਹਾਡੇ ਕੇਸ ਦੀ ਪ੍ਰਗਤੀ ਤੋਂ ਸੂਚਿਤ ਕੀਤਾ ਜਾਏਗਾ,
- ਜੇ ਤੁਹਾਡੇ ਵਲੋਂ ਗਵਾਹੀ ਦਿਤੇ ਜਾਣ ਦੀ ਲੋੜ ਨਹੀਂ ਰਹਿੰਦੀ, ਤਾਂ ਤੁਹਾਨੂੰ ਜਿੰਨੀ ਛੇਤੀ ਹੋ ਸਕੇ ਉਥੋਂ ਚਲੇ ਜਾਣ ਦਿਤਾ ਜਾਏਗਾ, ਅਤੇ
- ਤੁਹਾਨੂੰ ਸੂਚਿਤ ਕੀਤਾ ਜਾਏਗਾ ਕਿ ਤੁਹਾਡੇ ਕੇਸ ਦਾ ਕੀ ਹੋਇਆ ਹੈ।

ਤੁਸੀਂ ਗਵਾਹ ਸੇਵਾ ਦੇ ਮੈਂਬਰਾਂ ਤੋਂ ਕਿਸੇ ਵੀ ਵੇਲੇ ਸਲਾਹ ਅਤੇ ਸਹਾਇਤਾ ਲੈ ਸਕਦੇ ਹੋ। ਇਹ ਸੇਵਾ ਵਿਕਟਮ ਸਪੋਰਟ ਸਕਾਟਲੈਂਡ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ, ਅਤੇ 2002 ਦੀਆਂ ਗਰਮੀਆਂ ਤੋਂ ਸਾਰੀਆਂ ਸ਼ੈਰਿਫ਼ ਅਦਾਲਤਾਂ ਵਿਚ ਉਪਲਬਧ ਹੈ। ਅਦਾਲਤ ਦੀ ਇਮਾਰਤ ਵਿਚ ਗਵਾਹ ਸੇਵਾ ਦਫ਼ਤਰ ਦੇ ਬਾਹਰ ਸਪਸ਼ਟ ਸ਼ਬਦਾਂ ਵਿਚ ਉਸਦਾ ਨਾਂਅ ਲਿਖਿਆ ਹੋਏਗਾ, ਅਤੇ ਗਵਾਹ ਸੇਵਾ ਦੇ

ਮੈਂਬਰ ਉਨ੍ਹਾਂ ਦੇ ਨਾਂਅ ਵਾਲੇ ਬੈਜਾਂ ਤੋਂ ਪਛਾਣੇ ਜਾ ਸਕਦੇ ਹਨ। ਅਦਾਲਤ ਦੇ ਸਟਾਫ਼ ਦਾ ਕੋਈ ਵੀ ਵਿਅਕਤੀ, ਤੁਹਾਡਾ ਉਨ੍ਹਾਂ ਨਾਲ ਸੰਪਰਕ ਕਰਵਾ ਦਏਗਾ।

## ਗਵਾਹ ਸੇਵਾ (ਵਿਟਨੈਸ ਸਰਵਿਸ)

ਗਵਾਹ ਸੇਵਾ ਦਾ ਉਦੇਸ਼ ਲੋਕਾਂ ਨੂੰ ਅਦਾਲਤੀ ਪ੍ਰਕਿਰਿਆ ਦੌਰਾਨ ਵਿਹਾਰਕ ਅਤੇ ਭਾਵਾਤਮਕ ਸਮਰਥਨ ਦੁਆਰਾ ਮਦਦ ਦੇਣਾ ਹੈ। ਇਹ ਸਹਾਇਤਾ ਗੁਪਤ ਰੂਪ ਵਿਚ ਅਤੇ ਸਿਖਲਾਈ ਪ੍ਰਾਪਤ ਵਾਲੰਟੀਅਰਾਂ ਵਲੋਂ ਦਿਤੀ ਜਾਂਦੀ ਹੈ।

ਇਹ ਸੇਵਾ ਮੁਫ਼ਤ ਅਤੇ ਅਦਾਲਤ ਵਿਚ ਆਉਣ ਵਾਲੇ ਸਾਰੇ ਗਵਾਹਾਂ ਲਈ ਉਪਲਬਧ ਹੈ, ਭਾਵੇਂ ਉਹ ਕਿਸੇ ਵੀ ਉਮਰ, ਲਿੰਗ, ਮਜ਼ਹਬ, ਲਿੰਗਕ ਅਨੁਕੂਲਣ ਜਾਂ ਸਮਾਜਕ ਵਰਗ ਦੇ ਹੋਣ ਜਾਂ ਅਸਮਰਥਾ ਵਾਲੇ ਹੋਣ। ਇਸ ਵਲੋਂ ਨਿਮਨਲਿਖਿਤ ਨੂੰ ਸਮਰਥਨ ਪ੍ਰਦਾਨ ਕੀਤਾ ਜਾਂਦਾ ਹੈ:

- ਪੀੜਤ ਅਤੇ ਗਵਾਹ, ਜਿਨ੍ਹਾਂ ਨੂੰ ਅਦਾਲਤ ਵਿਚ ਗਵਾਹੀ ਦੇਣ ਲਈ ਬੁਲਾਇਆ ਗਿਆ ਹੋਵੇ;
- ਪੀੜਤ ਅਤੇ ਗਵਾਹ ਜਿਨ੍ਹਾਂ ਨੂੰ ਅਦਾਲਤ ਵਿਚ ਨਾਂਹ ਬੁਲਾਇਆ ਗਿਆ ਹੋਵੇ; ਅਤੇ
- ਪੀੜਤਾਂ ਅਤੇ ਗਵਾਹਾਂ ਦੇ ਪਰਿਵਾਰ ਅਤੇ ਮਿੱਤਰ।

ਗਵਾਹ ਸੇਵਾ (ਵਿਟਨੈਸ ਸਰਵਿਸ) ਪ੍ਰਦਾਨ ਕਰਦੀ ਹੈ:

- ਵਿਹਾਰਕ ਸਹਾਇਤਾ ਜਿਵੇਂ ਕਿ ਖ਼ਰਚੇ ਦੇ ਫਾਰਮਾਂ ਦੇ ਸੰਬੰਧ ਵਿਚ;
- ਅਦਾਲਤ ਦੀ ਕਾਰਜ ਵਿਧੀ ਬਾਰੇ ਸੂਚਨਾ;
- ਅਦਾਲਤ ਤੋਂ ਪਹਿਲਾਂ ਦੀ ਫੇਰੀ;
- ਸੰਬੰਧਤ ਵਿਅਕਤੀਆਂ ਦੇ ਚਿੰਤਾ ਫ਼ਿਕਰ ਸੁਣਨੇ ਅਤੇ ਭਾਵਾਤਮਕ ਸਮਰਥਨ ਦੇਣਾ;
- ਤੁਹਾਡੇ ਵਲੋਂ ਗਵਾਹੀ ਦਿਤੇ ਜਾਣ ਤੋਂ ਬਾਅਦ ਓਪਲਬਧ ਰਹਿਣਾ;
- ਤੁਹਾਡਾ ਉਨ੍ਹਾਂ ਵਿਅਕਤੀਆਂ ਨਾਲ ਸੰਪਰਕ ਕਰਵਾਉਣਾ, ਜੋ ਤੁਹਾਡੇ ਕੇਸ ਬਾਰੇ ਨਿਸਚਤ ਸਵਾਲਾਂ ਦੇ ਜਵਾਬ ਦੇ ਸਕਣ;
- ਜੇ ਤੁਹਾਨੂੰ ਜ਼ਰੂਰਤ ਹੋਵੇ ਤਾਂ ਹੋਰ ਏਜੰਸੀਆਂ ਤੋਂ ਅਗੋਂ ਹੋਰ ਸਮਰਥਨ ਲਈ ਤੁਹਾਨੂੰ ਸਲਾਹ ਦੇਣਾ;
- ਗੁਪਤ ਰੂਪ ਵਿਚ ਗਲਕਥ ਕਰਨ ਲਈ ਕੋਈ ਵਿਅਕਤੀ; ਅਤੇ
- ਜਿਨਾਂ ਸਮਾਂ ਤੁਸੀਂ ਅਦਾਲਤ ਵਿਚ ਰਹੋ, ਉਸ ਦੌਰਾਨ ਤੁਹਾਡੀ ਸਹਾਇਤਾ ਲਈ ਸਿਖਲਾਈ ਪ੍ਰਾਪਤ ਵਾਲੰਟੀਅਰ।

## ਦੁਭਾਸ਼ੀਆ ਸੇਵਾਵਾਂ

ਜੇ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ, ਜਾਂ ਜੇ ਤੁਸੀਂ ਬੋਲੇ ਹੋ ਜਾਂ ਉੱਚਾ ਸੁਣਦੇ ਹੋ, ਤਾਂ ਤੁਹਾਨੂੰ ਅਦਾਲਤ ਵਿਚ ਤੁਹਾਡੀ ਮਦਦ ਲਈ ਦੁਭਾਸ਼ੀਆ ਮਿਲ ਸਕਦਾ ਹੈ।

ਇਹ ਸੇਵਾ ਮੁਫ਼ਤ ਹੈ, ਪਰ ਇਹ ਜ਼ਰੂਰੀ ਹੈ ਕਿ ਤੁਸੀਂ ਅਦਾਲਤ ਦੀ ਤਾਰੀਖ਼ ਤੋਂ ਕਾਫ਼ੀ ਪਹਿਲਾਂ ਦਸ ਦਿਉ ਕਿ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੋਏਗੀ। ਜੇ ਤੁਸੀਂ ਇਸ ਸੇਵਾ ਤੋਂ ਫ਼ਾਇਦਾ ਉਠਾਉਣਾ ਚਾਹੁੰਦੇ ਹੋ, ਤਾਂ ਮਿਹਰਬਾਨੀ ਕਰਕੇ ਪ੍ਰੋਕਿਉਰੇਟਰ ਫ਼ਿਸਕਲ ਦੇ ਦਫ਼ਤਰ (Procurator Fiscal's Office) ਜਾਂ ਪੀੜਤਾਂ ਲਈ ਸੂਚਨਾ ਅਤੇ ਸਲਾਹ ਦਫ਼ਤਰ (Victims Information and Advice Office) ਨਾਲ ਸੰਪਰਕ ਕਰੋ।

ਅਸੀਂ ਟਾਈਪਟਾਕ (Typetalk) ਅਤੇ ਟੈਕਸਟ ਡਾਇਰੈਕਟ (Text Direct) ਨਾਲ ਰਜਿਸਟਰਡ ਹਾਂ ਅਤੇ ਇਹ ਸੇਵਾਵਾਂ ਰਾਇਲ ਨੈਸ਼ਨਲ ਇੰਸਟੀਚਿਊਟ ਫ਼ਾਰ ਡੈਫ਼ ਪੀਪਲ (ਬੋਲੇ ਵਿਅਕਤੀਆਂ ਲਈ ਸ਼ਾਹੀ ਰਾਸ਼ਟਰੀ ਅਦਾਰਾ) ਅਤੇ ਬ੍ਰਿਟਿਸ਼ ਟੈਲੀਕਾਮ (British Telecom) ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਸੇਵਾਵਾਂ ਬੋਲੇ ਜਾਂ ਉੱਚਾ ਸੁਣਨ ਵਾਲੇ ਵਿਅਕਤੀਆਂ ਨੂੰ ਅਦਾਲਤ ਦੇ ਦਫ਼ਤਰਾਂ ਨਾਲ ਟੈਲੀਫ਼ੋਨ ਦੁਆਰਾ ਪਹੁੰਚ ਦੀਆਂ ਸਹੂਲਤਾਂ ਪ੍ਰਦਾਨ ਕਰਦੀਆਂ ਹਨ।

ਅਸੀਂ ਲੈਂਗੁਇਜਲਾਈਨ (ਭਾਸ਼ਾ ਲਾਈਨ) ਨਾਲ ਵੀ ਰਜਿਸਟਰਡ ਹਾਂ। ਜੇ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ, ਤਾਂ ਇਹ ਸੇਵਾ ਤੁਹਾਨੂੰ ਅਦਾਲਤ ਦੇ ਸਟਾਫ਼ ਨਾਲ ਵਿਅਕਤੀਗਤ ਤੌਰ 'ਤੇ ਜਾਂ ਟੈਲੀਫ਼ੋਨ ਦੁਆਰਾ ਗਲ ਕਰਨ ਵਿਚ ਮਦਦ ਦਿੰਦੀ ਹੈ।

## ਕਾਫ਼ੀ, ਸੁਰੱਖਿਅਤ ਅਤੇ ਆਰਾਮਦੇਹ ਜਗ੍ਹਾ ਉਪਲਬਧ ਕਰਾਉਣਾ

- ਅਸੀਂ ਇਹ ਯਕੀਨੀ ਬਣਾਵਾਂਗੇ ਕਿ ਅਦਾਲਤਾਂ ਦੀਆਂ ਇਮਾਰਤਾਂ ਵਿਚ ਗਵਾਹਾਂ ਦੇ ਬੈਠਣ ਵਾਲੀ ਥਾਂ ਸਾਫ਼ ਸੁਥਰੀ, ਕਾਫ਼ੀ ਅਤੇ ਆਰਾਮਦੇਹ ਹੋਵੇ ਅਤੇ ਉਨ੍ਹਾਂ ਦੇ ਪੜ੍ਹਨ ਲਈ ਤਾਜ਼ਾ ਅਖ਼ਬਾਰਾਂ ਰਸਾਲੇ ਆਦਿਕ ਹੋਣ।
- ਅਸੀਂ ਜਨਤਕ ਟੈਲੀਫ਼ੋਨ ਅਤੇ ਕਾਫ਼ੀ ਸਾਫ਼ ਸੁਥਰੇ ਟਾਇਲੈਟ ਉਪਲਬਧ ਕਰਵਾਵਾਂਗੇ।
- ਬਹੁਤ ਛੋਟੀਆਂ ਅਦਾਲਤਾਂ ਨੂੰ ਛਡਕੇ ਬਾਕੀ ਅਦਾਲਤਾਂ ਵਿਚ ਸਾਰੇ ਦਿਨ ਲਈ ਜਾਂ ਦਿਨ ਦੇ ਇਕ ਭਾਗ ਲਈ ਚਾਹ ਪਾਣੀ ਦੀਆਂ ਸਹੂਲਤਾਂ ਅਤੇ ਬੱਚਿਆਂ ਲਈ ਖਿਡੌਣੇ ਮੁਹੱਈਆ ਕਰਾਂਗੇ।

- ਅਸੀਂ ਗਵਾਹਾਂ ਦੇ ਬੈਠਣ ਵਾਲੀ ਥਾਂ 'ਤੇ ਸੀ.ਸੀ.ਟੀ.ਵੀ (CCTV) ਜਾਂ ਨਿਯਮਤ ਮੁਆਇਨੇ ਦੁਆਰਾ ਨਿਗਰਾਨੀ ਰਖਾਂਗੇ, ਤਾਂ ਜੋ ਗਵਾਹਾਂ ਨੂੰ ਡਰਾਏ ਧਮਕਾਏ ਜਾਣ ਦੇ ਘਟ ਮੌਕੇ ਹੋਣ। ਜੇ ਅਦਾਲਤ ਵਿਚ ਰਹਿਣ ਦੌਰਾਨ ਤੁਹਾਨੂੰ ਆਪਣੀ ਸੁਰੱਖਿਅਤਾ ਜਾਂ ਕਿਸੇ ਹੋਰ ਮਾਮਲੇ ਦੇ ਸੰਬੰਧ ਵਿਚ ਕੋਈ ਚਿੰਤਾ ਹੋਵੇ, ਤਾਂ ਫ਼ੌਰਨ ਅਦਾਲਤ ਦੇ ਸਟਾਫ਼ ਨਾਲ ਗਲ ਕਰੋ।
- ਅਸੀਂ ਤੁਹਾਡੀ ਹਿਫ਼ਾਜ਼ਤ ਲਈ ਪੁਲੀਸ ਨਾਲ ਮਿਲਕੇ ਪ੍ਰਬੰਧ ਕਰਾਂਗੇ। ਜੇ ਤੁਸੀਂ ਮਹਿਸੂਸ ਕਰੋ ਕਿ ਤੁਹਾਡੇ ਲਈ ਗੰਭੀਰ ਖ਼ਤਰਾ ਹੈ, ਤਾਂ ਤੁਹਾਨੂੰ ਵਿਸ਼ੇਸ਼ ਹਿਫ਼ਾਜ਼ਤੀ ਪ੍ਰਬੰਧਾਂ ਲਈ ਪੁਲੀਸ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਦੋਸ਼ੀ ਨਾਲ ਸੰਪਰਕ ਨੂੰ ਘਟ ਕਰਨਾ

ਅਸੀਂ ਪੀੜਤਾਂ ਅਤੇ ਕਰਾਉਨ ਦੇ ਗਵਾਹਾਂ ਲਈ ਅਤੇ ਅਪਰਾਧ ਕਰਨ ਵਾਲੇ ਦੋਸ਼ੀਆਂ ਲਈ ਵਖੋ ਵਖਰੇ ਪ੍ਰਵੇਸ਼ ਮਾਰਗਾਂ ਅਤੇ ਉਡੀਕ ਕਰਦਿਆਂ ਬੈਠਣ ਲਈ ਵਖੋ ਵਖਰੀਆਂ ਥਾਵਾਂ ਦਾ ਪ੍ਰਬੰਧ ਕਰਨ ਲਈ ਜਤਨ ਕਰ ਰਹੇ ਹਾਂ। ਪਰ ਅਜਿਹੇ ਪ੍ਰਬੰਧ ਕਰਨ ਲਈ ਕਈ ਅਦਾਲਤਾਂ ਦੀਆਂ ਇਮਾਰਤਾਂ ਦੇ ਢਾਂਚੇ ਵਿਚ ਤਬਦੀਲੀਆਂ ਕਰਨ ਦੀ ਲੋੜ ਹੋਏਗੀ ਅਤੇ ਇਸ 'ਤੇ ਸਮਾਂ ਲਗੇਗਾ। ਹਾਲ ਦੀ ਘੜੀ, ਜੇ ਤੁਸੀਂ ਦੋਸ਼ੀ ਨਾਲ ਸਾਮ੍ਹਣਾ ਕਰਨ ਤੋਂ ਚਿੰਤਾਤੁਰ ਹੋ ਤਾਂ ਅਸੀਂ ਤੁਹਾਡੇ ਲਈ ਵਿਸ਼ੇਸ਼ ਪ੍ਰਬੰਧ ਕਰ ਸਕਦੇ ਹਾਂ, ਤਾਂ ਜੇ ਤੁਸੀਂ :

- ਇਕ ਵਖਰੇ ਰਸਤਿਉਂ ਅਦਾਲਤ ਅੰਦਰ ਜਾ ਸਕੋ, ਅਤੇ
- ਇਕ ਵਖਰੇ ਵੇਟਿੰਗ ਰੂਮ ਅਤੇ ਟਾਇਲੈਟ ਦੀ ਵਰਤੋਂ ਕਰ ਸਕੋ।

ਇਸ ਮਨੋਰਥ ਲਈ ਤੁਹਾਨੂੰ ਅਦਾਲਤ ਦੀ ਤਾਰੀਖ਼ ਤੋਂ ਪਹਿਲਾਂ ਪ੍ਰੋਕਿਉਰੇਟਰ ਫ਼ਿਸਕਲ ਦੇ ਦਫ਼ਤਰ, ਪੀੜਤਾਂ ਲਈ ਸੂਚਨਾ ਅਤੇ ਸਲਾਹ ਦਫ਼ਤਰ (Victim Information and Advice Office) ਜਾਂ ਅਦਾਲਤ ਦੇ ਕਲਰਕ ਨਾਲ ਗਲ ਕਰਨੀ ਚਾਹੀਦੀ ਹੈ।

ਜੇ ਤੁਸੀਂ ਗਵਾਹੀ ਦੇਣ ਤੋਂ ਬਾਅਦ ਠਹਿਰਨਾ ਚਾਹੁੰਦੇ ਹੋ, ਤਾਂ ਅਸੀਂ ਤੁਹਾਡੇ ਲਈ ਅਦਾਲਤ ਦੇ ਕਮਰੇ ਵਿਚ ਬੈਠਣ ਲਈ ਥਾਂ ਰਿਜ਼ਰਵ ਕਰ ਸਕਦੇ ਹਾਂ। ਇਸ ਮਨੋਰਥ ਲਈ ਤੁਹਾਨੂੰ ਅਦਾਲਤ ਦੀ ਤਾਰੀਖ਼ ਤੋਂ ਪਹਿਲਾਂ ਵਿਕਟਮ ਇਨਫ਼ਰਮੇਸ਼ਨ ਐਂਡ ਅਡਵਾਈਸ ਆਫ਼ਿਸ, ਵਿਟਨੈਸ ਸਰਵਿਸ (ਗਵਾਹ ਸੇਵਾ) ਜਾਂ ਅਦਾਲਤ ਦੇ ਕਲਰਕ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਕਮਜ਼ੋਰ ਗਵਾਹਾਂ ਲਈ ਵਿਸ਼ੇਸ਼ ਪ੍ਰਬੰਧ

ਕਾਨੂੰਨ ਵਿਚ ''ਕਮਜ਼ੋਰ ਗਵਾਹਾਂ'' ਦੀ ਵਿਆਖਿਆ ਅਨੁਸਾਰ ਉਹ ਗਵਾਹ ਜੋ:

- 16 ਸਾਲ ਤੋਂ ਘਟ ਉਮਰ ਦੇ ਹੋਣ;
- 16 ਸਾਲ ਤੋਂ ਉਪਰ ਦੀ ਉਮਰ ਦੇ ਅਤੇ ਮਾਨਸਿਕ ਤਕਲੀਫ਼ ਤੋਂ ਪੀੜਤ ਹੋਣ; ਜਾਂ
- 16 ਸਾਲ ਤੋਂ ਵਧ ਉਮਰ ਦੇ ਅਤੇ ਗੰਭੀਰ ਹਦ ਤਕ ਮੰਦ ਬੁਧੀ ਵਾਲੇ ਅਤੇ ਸਮਾਜਕ ਕਾਰਜਾਂ ਦੇ ਅਸਮਰਥ ਹੋਣ।

ਇਨ੍ਹਾਂ ਵਿਚੋਂ ਕਿਸੇ ਵਰਗ ਦੇ ਗਵਾਹ ਅਦਾਲਤ ਵਿਚ ਇਕ ਪਰਦੇ ਦੇ ਪਿਛੋਂ ਜਾਂ ਇਕ ਦੂਜੇ ਕਮਰੇ 'ਚੋਂ ਵੀਡਿਓ ਲਿੰਕ ਦੁਆਰਾ ਗਵਾਹੀ ਦੇ ਸਕਦੇ ਹਨ। ਭਾਵੇਂ ਮੁਲਜ਼ਿਮ ਗਵਾਹ ਨੂੰ ਵੇਖ ਸਕਦਾ

ਹੋਵੇ, ਪਰ ਗਵਾਹ ਮੁਲਜ਼ਿਮ ਨੂੰ ਨਹੀਂ ਵੇਖ ਸਕਦਾ। ਇਸਨਾਲ ਚਿੰਤਾ ਅਤੇ ਪਰੇਸ਼ਾਨੀ ਨੂੰ ਘਟ ਕਰਨ ਵਿਚ ਮਦਦ ਮਿਲ ਸਕਦੀ ਹੈ।

ਜੇ ਤੁਸੀਂ ਇਸਤਰ੍ਹਾਂ ਗਵਾਹੀ ਦੇਣਾ ਚਾਹੋ, ਤਾਂ ਅਦਾਲਤ ਵਿਚ ਤਾਰੀਖ਼ ਤੋਂ ਘਟੋ ਘਟ ਤਿੰਨ ਹਫ਼ਤੇ ਪਹਿਲਾਂ ਪ੍ਰੌਕਿਉਰੇਟਰ ਫ਼ਿਸਕਲ ਦੇ ਦਫ਼ਤਰ ਜਾਂ ਪੀੜਤਾਂ ਲਈ ਸੂਚਨਾ ਅਤੇ ਸਲਾਹ ਦਫ਼ਤਰ ਨਾਲ ਗਲ ਕਰੋ।

## ਹੋਰ ਜਾਣਕਾਰੀ ਲਈ

ਤੁਹਾਨੂੰ ਸਾਡੀਆਂ ਕਈ ਇਕ ਸੇਵਾਵਾਂ ਅਤੇ ਅਦਾਲਤੀ ਕਾਰਜ ਪ੍ਰਣਾਲੀਆਂ ਬਾਰੇ ਸੂਚਨਾ ਦੇਣ ਵਾਲੇ ਕਿਤਾਬਚੇ ਰਿਸੈਪਸ਼ਨ ਸਥਾਨਾਂ, ਜਨਤਕ ਦਫ਼ਤਰਾਂ ਅਤੇ ਵੇਟਿੰਗ ਰੂਮਾਂ ਵਿਚ ਮਿਲ ਸਕਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਸਾਡੀ ਵੈਬਸਾਈਟ 'ਤੇ ਵੀ ਉਪਲਬਧ ਹਨ।

ਜੇ ਤੁਹਾਨੂੰ ਸਾਡੀ ਕਿਸੇ ਵੀ ਸੇਵਾ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਸਥਾਨਕ ਸ਼ੈਰਿਫ਼ ਕਲਰਕ ਦੇ ਦਫ਼ਤਰ ਨਾਲ ਜਾਂ ਸੁਪਰੀਮ ਕੋਰਟ ਦੇ ਸੰਬੰਧਤ ਮਹਿਕਮੇ ਨਾਲ ਸੰਪਰਕ ਕਰੋ। ਤੁਸੀਂ ਹੇਠਾਂ ਦਿਤੇ ਗਏ ਪਤੇ 'ਤੇ ਪੱਤਰ ਵੀ ਲਿਖ ਸਕਦੇ ਹੋ:

ਆਪਰੇਸ਼ਨਜ਼ ਐਂਡ ਪਾਲਿਸੀ ਯੂਨਿਟ (Operations and Policy Unit)
Scottish Court Service
23 Lauriston Street
Edinburgh
EH3 9DQ

ਫ਼ੋਨ ਨੰਬਰ : 0131 229 9200
ਈਮੇਲ : enquiries@scotcourts.gov.uk
ਵੈਬਸਾਈਟ : www.scotcourts.gov.uk

ਆਪਣੀ ਸਰਕਾਰ ਬਾਰੇ ਜਾਣਕਾਰੀ ਲਈ www.open.gov.uk 'ਤੇ ਜਾਉ

## ਆਪਣੇ ਮਿਆਰਾਂ ਨੂੰ ਬਰਕਰਾਰ ਰਖਣਾ

ਇਹ ਯਕੀਨੀ ਬਣਾਉਣ ਲਈ ਕਿ ਉੱਚੇ ਮਿਆਰ ਸਥਾਪਤ ਕੀਤੇ ਜਾਣ ਅਤੇ ਕਾਇਮ ਰਖੇ ਜਾਣ, ਅਸੀਂ ਆਪਣੇ ਸਟਾਫ਼ ਨੂੰ ਟ੍ਰੇਨਿੰਗ ਦਿੰਦੇ ਹਾਂ ਅਤੇ ਆਪਣੀ ਸੇਵਾ 'ਤੇ ਨਿਗਰਾਨੀ ਰਖਦੇ ਹਾਂ।

ਅਸੀਂ ਆਪਣੀਆਂ ਸੇਵਾਵਾਂ ਬਾਰੇ ਤੁਹਾਡੀ ਰਾਏ ਦਾ ਅਤੇ ਇਨ੍ਹਾਂ ਨੂੰ ਬਿਹਤਰ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਕਰਦੇ ਹਾਂ।

ਇਹ ਕਿਤਾਬਚਾ ਆਡਿਓਟੇਪ 'ਤੇ ਅਤੇ ਵਡੇ ਅਖਰਾਂ, ਬਰੇਲ ਅਤੇ ਕਈ ਇਕ ਘਟ ਗਿਣਤੀ ਭਾਸ਼ਾਵਾਂ ਵਿਚ ਉਪਲਬਧ ਹੈ।